**Vigilance Bureau Punjab**

## VIGILANCE NABS DISTRICT SPECIAL EDUCATOR FOR TAKING BRIBE

Chandigarh, April 3: State Vigilance Bureau today nabbed District Special Educator (DSE) red handed while accepting bribe of Rs. 5,000.

Disclosing this here an official spokesperson of the Vigilance Bureau said Santosh Kumar, DSE posted in Roopnagar district was nabbed red handed by Vigilance team for accepting bribe of Rs. 5,000 from complainant Sohan Singh of village Asarpur in Roopnagar district.

The Complainant has approached the VB and said that the above said DSE was demanding Rs. 5,000 for releasing a cheque of Rs. 31840 of transportation.

After verifying his information, the Vigilance team laid a trap and the accused DSE was arrested on the spot while accepting bribe of Rs. 5,000/- from the complainant in the presence of two official witnesses

He informed that a case under Prevention of Corruption Act has been registered against the accused at VB police station SAS Nagar and further investigations was under progress.

-------------------------------

**ਵਿਜੀਲੈਂਸ ਬਿਓਰੋ ਪੰਜਾਬ**

# ਵਿਜੀਲੈਂਸ ਵਲੋਂ 5,000 ਦੀ ਰਿਸ਼ਵਤ ਲੈਂਦਾ ਜਿਲਾ ਸਪੈਸ਼ਲ ਐਜੂਕੇਟਰ ਕਾਬੂ

ਚੰਡੀਗੜ੍ਹ, 3 ਅਪਰੈਲ: ਪੰਜਾਬ ਵਿਜੀਲੈਂਸ ਬਿਊਰੋ ਵੱਲੋਂ ਜਿਲਾ ਰੂਪਨਗਰ ਵਿਖੇ ਤਾਇਨਾਤ ਜਿਲਾ ਸਪੈਸ਼ਲ ਐਜੂਕੇਟਰ (ਡੀ.ਐਸ.ਈ) ਨੂੰ 5,000 ਰੁਪਏ ਦੀ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਗਿਆ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਵਿਜੀਲੈਂਸ ਬਿਓਰੋ ਦੇ ਬੁਲਾਰੇ ਨੇ ਦੱਸਿਆ ਕਿ ਉਕਤ ਡੀ.ਐਸ.ਈ ਸੰਤੋਸ਼ ਕੁਮਾਰ ਨੂੰ ਸ਼ਿਕਾਇਤਕਰਤਾ ਸੋਹਨ ਸਿੰਘ ਵਾਸੀ ਪਿੰਡ ਅਸਰਪੁਰ, ਜਿਲਾ ਰੂਪਨਗਰ ਦੀ ਸ਼ਿਕਾਇਤ ’ਤੇ 5,000 ਰੁਪਏ ਦੀ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਗਿਆ ਹੈ। ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਨੂੰ ਆਪਣੀ ਸ਼ਿਕਾਇਤ ਵਿੱਚ ਦੋਸ਼ ਲਾਇਆ ਕਿ ਉਕਤ ਡੀ.ਐਸ.ਈ ਵਲੋਂ ਦੇ ਉਸ ਦੇ ਮਾਰਚ ਮਹੀਨੇ ਦੇ 31840/- ਰੁਪਏ ਦੇ ਆਵਾਜਾਈ ਦੇ ਬਿਲਾਂ ਦਾ ਚੈਕ ਦੇਣ ਬਦਲੇ 5,000 ਰੁਪਏ ਰਿਸ਼ਵਤ ਦੀ ਮੰਗ ਕੀਤੀ ਗਈ ਹੈ।

ਵਿਜੀਲੈਂਸ ਵਲੋਂ ਸ਼ਿਕਾਇਤ ਦੀ ਪੜਤਾਲ ਉਪਰੰਤ ਉਕਤ ਦੋਸ਼ੀ ਡੀ.ਐਸ.ਈ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜਰੀ ਵਿਚ 5,000 ਰੁਪਏ ਦੀ ਰਿਸ਼ਵਤ ਲੈਂਦਿਆਂ ਦਬੋਚ ਲਿਆ। ਬੁਲਾਰੇ ਨੇ ਦੱਸਿਆ ਕਿ ਉਕਤ ਦੋਸ਼ੀ ਖਿਲਾਫ਼ ਵਿਜੀਲੈਂਸ ਬਿਓਰੋ ਨੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਐਸ.ਏ.ਐਸ ਨਗਰ ਸਥਿਤ ਵਿਜੀਲੈਂਸ ਬਿਓਰੋ ਦੇ ਥਾਣੇ ਵਿਚ ਮੁਕੱਦਮਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਦਿੱਤੀ ਹੈ।

---------------------